# ਬੱਚਿਆਂ ਲਈ ਕੋਵਿਡ-19 ਵੈਕਸੀਨ

# ਮਾਪਿਆਂ/ਸਰਪ੍ਰਸਤਾਂ ਨੂੰ ਕੀ ਪਤਾ ਹੋਣਾ ਚਾਹੀਦਾ ਹੈ

## COVID-19 ਵੈਕਸੀਨ 6 ਮਹੀਨੇ ਅਤੇ ਉਸ ਤੋਂ ਵੱਧ ਉਮਰ ਦੇ ਲੋਕਾਂ ਲਈ ਉਪਲਬਧ ਹੈ।

## ਬੱਚਿਆਂ ਦਾ ਟੀਕਾਕਰਣ ਕਿਉਂ ਕਰਵਾਉਣਾ ਚਾਹੀਦਾ ਹੈ?

ਮਹਾਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ, ਸੰਯੁਕਤ ਰਾਜ ਵਿੱਚ 1 ਕਰੋੜ 50 ਲੱਖ ਤੋਂ ਵੱਧ ਬੱਚਿਆਂ ਨੂੰ ਕੋਵਿਡ-19 ਹੋ ਚੁੱਕਿਆ ਹੈ।ਹਾਲਾਂਕਿ ਕੋਵਿਡ-19 ਅਕਸਰ ਬਾਲਗਾਂ ਦੇ ਮੁਕਾਬਲੇ ਬੱਚਿਆਂ ਵਿੱਚ ਧੀਮਾ ਹੁੰਦਾ ਹੈ, ਫੇਰ ਵੀ ਬੱਚੇ ਬਹੁਤ ਬਿਮਾਰ ਹੋ ਸਕਦੇ ਹਨ ਅਤੇ ਇਸਨੂੰ ਆਪਣੇ ਉਨ੍ਹਾਂ ਦੋਸਤਾਂ ਅਤੇ ਪਰਿਵਾਰ ਵਿੱਚ ਫੈਲਾ ਸਕਦੇ ਹਨ ਜਿਨ੍ਹਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੁੰਦਾ ਹੈ ਜਾਂ ਹੋਰ ਤਰੀਕਿਆਂ ਨਾਲ ਕਮਜ਼ੋਰ ਹੁੰਦੇ ਹਨ।

COVID-19 ਦੇ ਨਵੇਂ ਵੇਰੀਐਂਟ ਫ਼ਿਲਹਾਲ ਅਮਰੀਕਾ ਵਿੱਚ ਸਭ ਤੋਂ ਵੱਧ ਸੰਕਰਮਣ ਫੈਲਾਉਣ ਅਤੇ ਲੋਕਾਂ ਦੇ ਹਸਪਤਾਲਾਂ ਵਿੱਚ ਭਰਤੀ ਹੋਣ ਦਾ ਕਾਰਨ ਬਣ ਰਹੇ ਹਨ। ਕਲੀਨਿਕਲ ਟ੍ਰਾਇਲਾਂ ਨੇ ਸਾਬਤ ਕੀਤਾ ਹੈ ਕਿ ਇਹ ਵੈਕਸੀਨ ਨੌਜਵਾਨਾਂ ਨੂੰ ਕੋਵਿਡ-19 ਤੋਂ ਬਚਾਉਣ ਲਈ ਬਹੁਤ ਵਧੀਆ ਕੰਮ ਕਰਦੀ ਹੈ। ਇਸ ਨਾਲ ਉਹਨਾਂ ਵਿੱਚ ਗੰਭੀਰ ਰੂਪ ਤੋਂ ਬਿਮਾਰ ਹੋਣ, ਹਸਪਤਾਲ ਵਿੱਚ ਭਰਤੀ ਹੋਣ, ਜਾਂ ਕੋਵਿਡ-19 ਤੋਂ ਮਰਨ ਦੀ ਸੰਭਾਵਨਾ ਬਹੁਤ ਘੱਟ ਹੋਵੇਗੀ।

ਟੀਕਾਕਰਣ ਬੱਚਿਆਂ ਨੂੰ ਸਿਹਤਮੰਦ ਅਤੇ ਸੁਰੱਖਿਅਤ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਹੈ।

## ਮੈਂ ਆਪਣੇ ਬੱਚੇ ਦਾ ਟੀਕਾਕਰਣ ਕਿਵੇਂ ਕਰਵਾਵਾਂ?

ਵਾਸ਼ਿੰਗਟਨ ਰਾਜ 18 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਸੁਝਾਈਆਂ ਵੈਕਸੀਨਾਂ ਮੁਫ਼ਤ ਵਿੱਚ ਪ੍ਰਦਾਨ ਕਰਦਾ ਹੈ।
ਆਪਣੇ ਬੱਚੇ ਦੇ ਡਾਕਟਰ ਜਾਂ ਨਿਯਮਤ ਕਲੀਨਿਕ ਨੂੰ ਪੁੱਛੋ ਕਿ ਉਹਨਾਂ ਕੋਲ ਕੋਵਿਡ-19 ਵੈਕਸੀਨ ਹੈ।

ਜਿਨ੍ਹਾਂ ਪਰਿਵਾਰਾਂ ਕੋਲ ਪਹਿਲਾਂ ਤੋਂ ਕੋਈ ਸਿਹਤ ਸੰਭਾਲ ਪ੍ਰਦਾਤਾ ਨਹੀਂ ਹੈ, ਉਹ Help Me Grow WA Hotline ਨੂੰ 1-800-322-2588 'ਤੇ ਕਾਲ ਕਰ ਸਕਦੇ ਹਨ ਜਾਂ ਸਿਹਤ ਸੰਭਾਲ ਪ੍ਰਦਾਤਾ, ਕਲੀਨਿਕ ਜਾਂ ਹੋਰ ਸਿਹਤ ਸਰੋਤਾਂ ਨੂੰ ਲੱਭਣ ਲਈ, ParentHelp123.org 'ਤੇ ਜਾ ਸਕਦੇ ਹਨ। ਇਹ ਸੇਵਾ ਮੁਫ਼ਤ ਹੈ ਅਤੇ ਇਸ ਲਈ ਭਾਸ਼ਾ ਸਹਾਇਤਾ ਵੀ ਉਪਲਬਧ ਹੈ।

ਤੁਸੀਂ **VaccineLocator.doh.wa.gov 'ਤੇ** ਜਾ ਸਕਦੇ ਹੋ ਅਤੇ ਫਿਲਟਰ ਦੀ ਵਰਤੋਂ ਕਰਕੇ ਆਪਣੇ ਨੇੜੇ ਦੇ ਉਨ੍ਹਾਂ ਸਥਾਨਾਂ ਦੀ ਸੂਚੀ ਦੇਖ ਸਕਦੇ ਹੋ ਜਿਨ੍ਹਾਂ ਕੋਲ ਬੱਚਿਆਂ ਦੀ ਵੈਕਸੀਨ ਹੈ।

## ਇਸਦਾ ਘਰ ਵਿੱਚ ਕੀ ਅਸਰ ਪਵੇਗਾ?

ਕੋਵਿਡ-19 ਵੈਕਸੀਨ ਬੱਚਿਆਂ ਨੂੰ ਬਿਮਾਰੀ ਤੋਂ ਸੁਰੱਖਿਅਤ ਰੱਖ ਸਕਦੀ ਹੈ, ਜਿਸਦਾ ਮਤਲਬ ਇਹ ਹੈ ਕਿ ਅੰਦਰੂਨੀ ਇਕੱਠ ਨੂੰ ਹੋਸਟ ਕਰਨਾ ਜਾਂ ਉਨ੍ਹਾਂ ਵਿੱਚ ਭਾਗ ਲੈਣਾ ਸੁਰੱਖਿਅਤ ਹੋ ਸਕਦਾ ਹੈ।



ਟੀਕਾਕਰਣ ਕਰਵਾਉਣ ਨਾਲ ਬੱਚਿਆਂ ਨੂੰ ਵਧੇਰੇ ਸੁਰੱਖਿਅਤ ਰਹਿਣ ਵਿੱਚ ਮਦਦ ਮਿਲੇਗੀ ਅਤੇ ਘਰ ਵਿੱਚ ਪਰਿਵਾਰਕ ਮੈਂਬਰਾਂ ਦੀ ਵੀ ਰੱਖਿਆ ਹੋਵੇਗੀ।

ਪਰਿਵਾਰਾਂ ਦੀ ਸਰਬੋਤਮ ਸੁਰੱਖਿਆ ਲਈ ਹੋਰ ਸਿਫ਼ਾਰਸ਼ ਕੀਤੇ ਸੁਰੱਖਿਆ ਉਪਾਵਾਂ ਦਾ ਪਾਲਣ ਕਰਨਾ ਜਾਰੀ ਰੱਖਣਾ ਚਾਹੀਦਾ ਹੈ।

## ਬੱਚਿਆਂ ਨੂੰ ਕਿਹੜੀ ਵੈਕਸੀਨ ਲਗਾਉਣੀ ਚਾਹੀਦੀ ਹੈ?



- **6 ਮਹੀਨੇ - 4 ਸਾਲ** ਦੇ ਬੱਚਿਆਂ ਨੂੰ 3 ਖੁਰਾਕਾਂ ਵਾਲੀ Pfizer ਸੀਰੀਜ਼ ਜਾਂ 2 ਖੁਰਾਕਾਂ ਵਾਲੀ Moderna ਸੀਰੀਜ਼ ਦਿੱਤੀ ਜਾਂਦੀ ਹੈ
- **5 ਸਾਲ ਅਤੇ ਇਸ ਤੋਂ ਵੱਧ** ਉਮਰ ਦੇ ਬੱਚਿਆਂ ਨੂੰ Pfizer ਜਾਂ Moderna ਵੈਕਸੀਨ ਦੀ 1 ਖੁਰਾਕ ਦਿੱਤੀ ਜਾਂਦੀ ਹੈ

6+ ਮਹੀਨਿਆਂ ਦੇ ਬੱਚੇ ਜਿਹਨਾਂ ਦੀ ਇਮਿਊਨਿਟੀ ਦਰਮਿਆਨੀ ਜਾਂ ਬਹੁਤ ਜ਼ਿਆਦਾ ਕਮਜ਼ੋਰ ਹੈ, ਉਹਨਾਂ ਨੂੰ 3-ਖੁਰਾਕਾਂ ਵਾਲੀ ਸੀਰੀਜ਼ ਪ੍ਰਾਪਤ ਕਰਨੀ ਚਾਹੀਦੀ ਹੈ ਅਤੇ ਉਹ ਆਪਣੀ ਆਖਰੀ ਖੁਰਾਕ ਪ੍ਰਾਪਤ ਕਰਨ ਤੋਂ ਘੱਟੋ-ਘੱਟ 2 ਮਹੀਨਿਆਂ ਬਾਅਦ ਵਾਧੂ ਖੁਰਾਕਾਂ ਪ੍ਰਾਪਤ ਕਰ ਸਕਦੇ ਹਨ।

**ਆਪਣੇ ਸਵਾਲਾਂ ਦੇ ਜਵਾਬ ਪ੍ਰਾਪਤ ਕਰਨ ਲਈ:**

**ਇੱਥੇ ਜਾਓ:** VaccinateWA.org/kids

**ਕਾਲ ਕਰੋ: 1-833-VAX-HELP** (1-833-829-4357), **# ਦਬਾਓ**

ਭਾਸ਼ਾ ਸਹਾਇਤਾ ਉਪਲਬਧ ਹੈ।

Vaccinate WA
CovidVaccineWA.org

## ਕੀ ਕੋਵਿਡ-19 ਸੱਚਮੁੱਚ ਮੇਰੇ ਬੱਚੇ ਲਈ ਖਤਰਾ ਹੈ?

ਹਾਲਾਂਕਿ ਬਾਲਗਾਂ ਦੇ ਮੁਕਾਬਲੇ ਬੱਚੇ ਕੋਵਿਡ-19 ਨਾਲ ਘੱਟ ਸੰਕਰਮਿਤ ਹੋਏ ਹਨ, ਬੱਚੇ:
- ਉਸ ਵਾਇਰਸ ਨਾਲ ਸੰਕਰਮਿਤ ਹੋ ਸਕਦੇ ਹਨ ਜੋ ਕੋਵਿਡ-19 ਦਾ ਕਾਰਨ ਬਣਦਾ ਹੈ
- ਕੋਵਿਡ-19 ਤੋਂ ਬਿਮਾਰ ਹੋ ਸਕਦੇ ਹਨ ਜਾਂ ਮਰ ਸਕਦੇ ਹਨ
- ਕੋਵਿਡ-19 ਨੂੰ ਦੂਜਿਆਂ ਵਿੱਚ ਫੈਲਾ ਸਕਦੇ ਹਨ
- ਉਨ੍ਹਾਂ ਨੂੰ ਕੋਵਿਡ-19 ਤੋਂ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ, ਜਿਵੇਂ ਕਿ “ਲੰਬੇ ਸਮੇਂ ਤੱਕ ਕੋਵਿਡ” ਜਾਂ MIS-C ਨਾਮਕ ਖ਼ਤਰਨਾਕ ਸੋਜਸ ਰੋਗ

ਇਸ ਆਬਾਦੀ ਵਿੱਚ ਵੈਕਸੀਨ ਦੇ ਬਹੁਤ ਘੱਟ ਮਾੜੇ ਪ੍ਰਭਾਵ ਦੇਖੇ ਗਏ ਹਨ, ਅਤੇ ਇਹ ਉਹਨਾਂ ਨੂੰ ਬਿਮਾਰੀ ਤੋਂ ਬਹੁਤ ਚੰਗੀ ਤਰ੍ਹਾਂ ਬਚਾਉਂਦੀ ਹੈ। ਟੀਕਾਕਰਣ ਦੇ ਫਾਇਦੇ ਕੋਵਿਡ-19 ਹੋਣ ਦੇ ਜੋਖਮ ਤੋਂ ਕਿਤੇ ਵੱਧ ਹਨ।

## ਕੀ ਵੈਕਸੀਨ ਮੇਰੇ ਬੱਚੇ ਲਈ ਵੀ ਸੁਰੱਖਿਅਤ ਹੈ?

ਹਾਂ, ਵੈਕਸੀਨ ਨੂੰ ਬੱਚਿਆਂ ਲਈ ਬਹੁਤ ਸੁਰੱਖਿਅਤ ਮੰਨਿਆ ਗਿਆ ਹੈ। ਟੀਕੇ ਦੇ ਕਲੀਨਿਕਲ ਟ੍ਰਾਇਲਾਂ ਦੌਰਾਨ ਨੌਜਵਾਨਾਂ ਵਿੱਚ ਕੋਈ ਗੰਭੀਰ ਬੁਰੇ ਪ੍ਰਭਾਵ ਨਹੀਂ ਪਾਏ ਗਏ ਹਨ। ਸੰਯੁਕਤ ਰਾਜ ਕੋਲ ਕਿਸੇ ਵੀ ਚਿਤਾਵਨੀ ਦੇ ਸੰਕੇਤਾਂ ਨੂੰ ਜਲਦੀ ਫੜਨ ਲਈ ਬਹੁਤ ਮਜ਼ਬੂਤ ਵੈਕਸੀਨ ਸੁਰੱਖਿਆ ਪ੍ਰਣਾਲੀਆਂ ਹਨ।

## ਬੱਚਿਆਂ ਵਿੱਚ ਕੋਵਿਡ-19 ਵੈਕਸੀਨ ਦੇ ਆਮ ਮਾੜੇ ਪ੍ਰਭਾਵ ਕੀ ਹਨ?

ਜੇਕਰ ਬੱਚੇ ਕੋਵਿਡ-19 ਨਾਲ ਸੰਕਰਮਿਤ ਹੁੰਦੇ ਹਨ ਤਾਂ ਸਿਹਤ ਦੇ ਖਤਰੇ ਵੈਕਸੀਨ ਦੇ ਮਾੜੇ ਪ੍ਰਭਾਵਾਂ ਦੇ ਜੋਖਮ ਤੋਂ ਬਹੁਤ ਜ਼ਿਆਦਾ ਹੁੰਦੇ ਹਨ।

ਹੋਰ ਵੈਕਸੀਨਾਂ ਵਾਂਗ, ਸਭ ਤੋਂ ਆਮ ਮਾੜੇ ਪ੍ਰਭਾਵ ਬਾਂਹ ਦਾ ਦਰਦ, ਥਕਾਵਟ, ਸਿਰ ਦਰਦ ਅਤੇ ਮਾਸਪੇਸ਼ੀਆਂ ਵਿੱਚ ਦਰਦ ਹਨ। ਇਹ ਲੱਛਣ ਆਮ ਤੌਰ 'ਤੇ ਹਲਕੇ ਹੁੰਦੇ ਹਨ।

ਮਾੜੇ ਪ੍ਰਭਾਵ ਆਮ ਤੌਰ 'ਤੇ ਗੰਭੀਰਤਾ ਵਿੱਚ ਹਲਕੇ ਤੋਂ ਦਰਮਿਆਨੇ ਸਨ ਅਤੇ ਟੀਕਾਕਰਣ ਤੋਂ ਬਾਅਦ ਦੋ ਦਿਨਾਂ ਦੇ ਅੰਦਰ ਹੁੰਦੇ ਸਨ, ਅਤੇ ਜ਼ਿਆਦਾਤਰ ਇੱਕ ਤੋਂ ਦੋ ਦਿਨਾਂ ਦੇ ਅੰਦਰ ਠੀਕ ਹੋ ਜਾਂਦੇ ਸਨ।

## ਬੱਚਿਆਂ ਨੂੰ ਆਪਣੀ ਅਪਾਇੰਟਮੈਂਟ ਲਈ ਕੀ ਲਿਆਉਣ ਦੀ ਲੋੜ ਹੈ?

ਜ਼ਿਆਦਾਤਰ ਮਾਮਲਿਆਂ ਵਿੱਚ, ਮਾਪਿਆਂ ਅਤੇ ਸਰਪ੍ਰਸਤਾਂ ਨੂੰ 18 ਸਾਲ ਤੋਂ ਘੱਟ ਉਮਰ ਦੇ ਬੱਚੇ ਲਈ ਟੀਕਾਕਰਣ ਲਈ ਸਹਿਮਤੀ ਦੇਣ ਦੀ ਲੋੜ ਹੋਵੇਗੀ। ਉਹਨਾਂ ਨੂੰ ਵੈਕਸੀਨ ਸਥਾਨ ਦੇ ਅਧਿਕਾਰੀਆਂ ਕੋਲੋਂ ਪੁੱਛਣਾ ਚਾਹੀਦਾ ਹੈ ਕਿ ਉਹਨਾਂ ਨੂੰ ਸਹਿਮਤੀ ਲਈ ਕੀ ਚਾਹੀਦਾ ਹੈ।

## ਮੇਰੇ ਹੋਰ ਸਵਾਲ ਹਨ। ਮੈਂ ਕਿੱਥੇ ਪੁੱਛ ਸਕਦਾ/ਦੀ ਹਾਂ?

ਹੋਰ ਸਵਾਲਾਂ ਦੇ ਜਵਾਬ ਲਈ **VaccinateWA.org/kids** 'ਤੇ ਜਾਓ। ਤੁਸੀਂ ਆਪਣੇ ਬੱਚੇ ਦੇ ਨਿਯਮਤ ਸਿਹਤ ਸੰਭਾਲ ਪ੍ਰਦਾਤਾ ਨਾਲ ਵੀ ਗੱਲ ਕਰ ਸਕਦੇ ਹੋ।

Washington State Department of HEALTH

**DOH 825-013 October 2023 Punjabi**
ਇਸ ਦਸਤਾਵੇਜ਼ ਨੂੰ ਕਿਸੇ ਹੋਰ ਫਾਰਮੈਟ ਵਿੱਚ ਬੇਨਤੀ ਕਰਨ ਲਈ, 1-800-525-0127 ਤੇ ਕਾਲ ਕਰੋ। ਬੋਲੇ ਜਾਂ ਉੱਚਾ ਸੁਣਨ ਵਾਲੇ ਗਾਹਕ, ਕਿਰਪਾ ਕਰਕੇ 711 (Washington Relay) ‘ਤੇ ਕਾਲ ਕਰੋ ਜਾਂ civil.rights@doh.wa.gov‘ਤੇ ਈਮੇਲ ਕਰੋ